“ਅਜੋਕੇ ਸਮੇਂ ਦੀ ਸਰਜਰੀ ਦੀ ਮਿਹਰਬਾਨੀ ਨਾਲ...



...ਮੈਂ ਬਿਲਕੁਲ ਨਵਾਂ ਵਿਅਕਤੀ ਮਹਿਸੂਸ ਕਰਦਾ ਹਾਂ!”


**PACIFIC OPEN HEART ASSOCIATION**

**P.O. BOX 3979 M.P.O.**
**VANCOUVER, B.C. V6B 3Z4**

**ਟੈਲੀਫੋਨ: 604-436-9005**
**24 ਘੰਟੇ**


ਦਿਲ ਦੇ ਅਪਰੇਸ਼ਨ (ਓਪਨ ਹਾਰਟ ਸਰਜਰੀ) ਦੀ ਉਡੀਕ ਕਰ ਰਹੇ ਵਿਅਕਤੀਆਂ ਲਈ ਸੁਨੇਹਾ

# ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ

(PACIFIC OPEN HEART ASSOCIATION)


P.O. BOX 3979 M.P.O.
VANCOUVER, B.C. V6B 3Z4

ਟੈਲੀਫੋਨ: 604-436-9005
24 ਘੰਟੇ


ਐਸੋਸੀਏਸ਼ਨ ਵਿਚ ਉਹ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਦੇ ਦਿਲ ਦੇ ਅਪਰੇਸ਼ਨ ਹੋਏ ਹਨ। ਮੈਂਬਰ ਅਪਰੇਸ਼ਨ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਦੀ ਮਦਦ ਕਰਨ ਲਈ ਸਮਰਪਿਤ ਹਨ।

## ਦਿਲ ਦੇ ਅਪਰੇਸ਼ਨ
## ਦੀ ਉਡੀਕ ਕਰ ਰਹੇ ਵਿਅਕਤੀਆਂ ਲਈ ਸੁਨੇਹਾ

ਪਿਆਰੇ ਮਿੱਤਰ:

ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦੇ ਮੈਂਬਰਾਂ ਵਜੋਂ, ਜਿਨ੍ਹਾਂ ਸਾਰਿਆਂ ਦੇ ਦਿਲ ਦਾ ਅਪਰੇਸ਼ਨ ਹੋਇਆ ਹੈ, ਅਸੀਂ ਤੁਹਾਨੂੰ ਆਪਣੀ ਐਸੋਸੀਏਸ਼ਨ ਦਾ ਮਕਸਦ ਅਤੇ ਟੀਚੇ ਦੱਸਣਾ ਚਾਹੁੰਦੇ ਹਾਂ।

ਅਸੀਂ ਤਹਿ ਦਿਲੋਂ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਸਰਜਰੀ ਤੋਂ ਪਹਿਲਾਂ ਦੇ ਸਮੇਂ ਦੌਰਾਨ ਹਾਂਪੱਖੀ ਮਾਨਸਿਕ ਮਦਦ ਕਰ ਸਕਦੇ ਹਾਂ ਅਤੇ ਉਤਸ਼ਾਹ ਦੇ ਸਕਦੇ ਹਾਂ, ਜਿਹੜਾ ਸਮਾਂ ਕਿ ਕਦੇ ਕਦੇ ਘਬਰਾਹਟ ਵਾਲਾ ਹੁੰਦਾ ਹੈ। ਤਜਰਬਾ ਇਹ ਦੱਸਦਾ ਹੈ ਕਿ ਮਰੀਜ਼ ਅਤੇ ਉਸ ਦਾ ਪਰਿਵਾਰ ਦੋਨੋਂ ਉਸ ਵਿਅਕਤੀ ਨੂੰ ਮਿਲ ਕੇ ਅਤੇ ਉਸ ਨਾਲ ਗੱਲਬਾਤ ਕਰਕੇ ਫਾਇਦਾ ਉਠਾਉਂਦੇ ਹਨ ਜਿਸ ਦਾ ਪਹਿਲਾਂ ਹੀ ਦਿਲ ਦਾ ਅਪਰੇਸ਼ਨ ਹੋਇਆ ਹੈ।

ਜੇ ਤੁਸੀਂ ਚਾਹੋ ਤਾਂ ਸਾਡੇ ਕਿਸੇ ਮੈਂਬਰ ਨੂੰ ਹੁਣ ਅਤੇ ਤੁਹਾਡੇ ਘਰ ਵਾਪਸ ਜਾਣ ਵੇਲੇ ਕਿਸੇ ਵੀ ਸੰਭਵ ਤਰੀਕੇ ਨਾਲ ਤੁਹਾਡੀ ਮਦਦ ਕਰਕੇ ਖੁਸ਼ੀ ਹੋਵੇਗੀ। ਨਰਸਿਜ਼ ਸਟੇਸ਼ਨ ਤੋਂ ਟੈਲੀਫੋਨ ਨੰਬਰ ਮਿਲਦਾ ਹੈ। ਸਾਡਾ ਕੋਈ ਮੈਂਬਰ ਜਿੰਨਾ ਵੀ ਛੇਤੀ ਹੋ ਸਕਿਆ ਤੁਹਾਡੇ ਨਾਲ ਸੰਪਰਕ ਕਰੇਗਾ।

### ਇਤਿਹਾਸ

ਮੁਢਲੇ ਗਰੁੱਪ, ਪਹਿਲੀ ਓਪਨ ਹਾਰਟ ਸੁਸਾਇਟੀ ਆਫ ਬੀ.ਸੀ. ਦੀ ਸਥਾਪਨਾ ਵਿਕਟੋਰੀਆ ਵਿਚ *1973* ਵਿਚ ਹੋਈ ਸੀ, ਜਿਸ ਦਾ ਮਕਸਦ ਵੈਨਕੂਵਰ ਆਈਲੈਂਡ ਅਤੇ ਨਾਲ ਲੱਗਦੇ ਆਈਲੈਂਡਾਂ ਦੇ ਦਿਲ ਦੇ ਮਰੀਜ਼ਾਂ ਦੀ ਮਦਦ ਕਰਨਾ ਸੀ।

ਗਰੇਟਰ ਵੈਨਕੂਵਰ ਬਰਾਂਚ ਜਨਵਰੀ *1986* ਵਿਚ ਕਾਇਮ ਕੀਤੀ ਗਈ ਸੀ ਅਤੇ ਜਿਸ ਦੇ ਮੈਂਬਰ ਜ਼ਿੰਦਗੀ ਦੇ ਸਾਰੇ ਪੱਖਾਂ ਵਾਲੇ ਲੋਕ ਬਣ ਰਹੇ ਹਨ ਅਤੇ ਜਿਨ੍ਹਾਂ ਦੀ ਇਕ ਚੀਜ਼ ਖੁਸ਼ੀ ਨਾਲ ਸਾਂਝੀ ਹੈ – ਦਿਲ ਦੇ ਅਪਰੇਸ਼ਨ ਤੋਂ ਬਾਅਦ ਇਕ 'ਨਵੀਂ ਜ਼ਿੰਦਗੀ'।

ਸਾਡੇ ਮੈਂਬਰਾਂ ਵਿਚ ਸਿਰਫ ਲੋਅਰ ਮੇਨਲੈਂਡ ਦੇ ਦਿਲ ਦੇ ਹੋਏ ਅਪਰੇਸ਼ਨ ਵਾਲੇ ਲੋਕ ਹੀ ਸ਼ਾਮਲ ਨਹੀਂ ਹਨ ਸਗੋਂ ਬੀ.ਸੀ. ਦੇ ਸਾਰੇ ਬਾਕੀ ਹਿੱਸਿਆਂ ਤੋਂ ਵੀ ਮੈਂਬਰ ਹਨ। ਇਸ ਕਰਕੇ ਸੂਬੇ ਭਰ ਦੇ ਲੋਕਾਂ ਤੱਕ ਪਹੁੰਚਣ ਲਈ ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ 27 ਸਤੰਬਰ 1988 ਨੂੰ ਕਾਇਮ ਕੀਤੀ ਗਈ ਸੀ। ਅਸੀਂ ਹਸਪਤਾਲ ਮਿਲਣ ਜਾਣ ਦਾ ਪ੍ਰੋਗਰਾਮ ਪੇਸ਼ ਕਰਦੇ ਹਾਂ ਜਿਸ ਵਿਚ ਮੈਂਬਰਾਂ ਦੀਆਂ ਕਈ ਟੀਮਾਂ ਮਰੀਜ਼ਾਂ ਦੇ ਸੇਂਟ ਪਾਲਜ਼, ਵੈਨਕੂਵਰ ਜਨਰਲ ਅਤੇ ਰੌਇਲ ਕੋਲੰਬੀਅਨ ਹਸਪਤਾਲਾਂ ਵਿਚ ਹੋਣ ਦੌਰਾਨ ਉਨ੍ਹਾਂ ਨੂੰ ਮਿਲਣ ਜਾਂਦੀਆਂ ਹਨ।

### ਵਿਕਾਸ

*2* ਮਾਰਚ, *1986* ਤੋਂ ਸਾਡੀਆਂ ਮਿਲਣ ਜਾਣ ਵਾਲੀਆਂ ਟੀਮਾਂ ਹਫਤੇ ਵਿਚ ਤਕਰੀਬਨ *50* ਮਰੀਜ਼ਾਂ ਨੂੰ ਮਿਲਦੀਆਂ ਹਨ। ਦਿਲ ਦਾ ਅਪਰੇਸ਼ਨ ਕਰਨ ਵਾਲੇ ਸਰਜਨ, ਦਿਲ ਦੇ ਮਾਹਰ ਡਾਕਟਰ ਅਤੇ ਹਸਪਤਾਲ ਦਾ ਨਰਸਿੰਗ ਸਟਾਫ ਸਾਡੀਆਂ ਫੇਰੀਆਂ ਕਾਰਨ ਸਾਡੀ ਐਸੋਸੀਏਸ਼ਨ ਨੂੰ ਇਕ ਭਰੋਸੇਯੋਗ ਵਸੀਲਾ ਮੰਨਦੇ ਹਨ ਅਤੇ ਸਾਡੇ ਪ੍ਰੋਗਰਾਮ ਦਾ ਸਮਰਥਨ ਕਰਦੇ ਹਨ, ਅਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਸ ਦੇ ਫਾਇਦੇਮੰਦ ਨਤੀਜਿਆਂ ਦੀਆਂ ਰਿਪੋਰਟਾਂ ਦਿੰਦੇ ਹਨ।

### ਟੀਚੇ

ਸਾਡਾ ਟੀਚਾ ਬੀ.ਸੀ. ਦੇ ਵੱਖ ਵੱਖ ਹੋਰ ਸੈਂਟਰਾਂ ਵਿਚ ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦੇ ਗਰੁੱਪ ਤਿਆਰ ਕਰਨਾ ਹੈ ਤਾਂ ਜੋ ਮਰੀਜ਼ ਅਤੇ ਉਸਦੇ ਪਰਿਵਾਰ ਦੀ ਆਪਣੀ ਕਮਿਊਨਟੀ ਵਿਚ ਵਾਪਸ ਆਉਣ ਵੇਲੇ, ਮਰੀਜ਼ ਦੇ ਰਾਜ਼ੀ ਹੋਣ ਅਤੇ ਆਮ ਜ਼ਿੰਦਗੀ ਜੀਣ ਦੇ ਕਾਬਲ ਹੋਣ ਦੌਰਾਨ ਮਦਦ ਕਰਨ ਵਾਲੇ ਗਰੁੱਪ ਤੱਕ ਪਹੁੰਚ ਹੋਵੇ।

## ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦੇ ਉਦੇਸ਼

ਐਸੋਸੀਏਸ਼ਨ ਦੇ ਮੁੱਖ ਮੰਤਵ ਇਹ ਹਨ:

ਏ) ਉਨ੍ਹਾਂ ਸਾਰੇ ਲੋਕਾਂ ਨੂੰ ਇਕੱਠੇ ਕਰਨਾ ਜਿਨ੍ਹਾਂ ਦੇ ਦਿਲ ਦਾ ਅਪਰੇਸ਼ਨ ਹੋਇਆ ਹੈ ਜਾਂ ਜਿਨ੍ਹਾਂ ਦੇ ਦਿਲ ਦੀਆਂ ਨਾੜੀਆਂ ਸਾਫ ਕਰਨ ਲਈ ਹੋਰ ਤਰੀਕੇ ਵਰਤੇ ਗਏ ਹਨ।

ਬੀ) ਦਿਲ ਦਾ ਅਪਰੇਸ਼ਨ ਕਰਵਾਉਣ ਬਾਰੇ ਮਰੀਜ਼ਾਂ ਨੂੰ ਉਤਸ਼ਾਹ ਦੇਣ ਅਤੇ ਤਿਆਰੀ ਕਰਨ ਵਿਚ ਮਦਦ ਕਰਨਾ ਅਤੇ ਪਰਿਵਾਰਾਂ ਦੀ ਸਹਾਇਤਾ ਕਰਨਾ।

ਸੀ) ਅਪਰੇਸ਼ਨ ਤੋਂ ਬਾਅਦ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਤਸ਼ਾਹ ਦੇਣਾ ਅਤੇ ਮਦਦ ਕਰਨਾ।

ਡੀ) ਮਨੋਰੰਜਨ ਵਾਲੀਆਂ ਸਰਗਰਮੀਆਂ ਨੂੰ ਉਤਸ਼ਾਹ ਦੇਣਾ, ਉਦਾਹਰਣ ਲਈ, ਸਾਲ ਵਿਚ ਗੌਲਫ ਦਾ ਟੂਰਨਾਮੈਂਟ ਕਰਵਾਉਣਾ।

ਈ) ਜਦੋਂ ਵੀ ਸੰਭਵ ਹੋਵੇ, ਫੰਡ ਦੇ ਕੇ ਸੀ ਪੀ ਆਰ ਟਰੇਨਿੰਗ ਨੂੰ ਉਤਸ਼ਾਹ ਦੇਣਾ; ਹਸਪਤਾਲਾਂ ਅਤੇ ਫਾਇਰ ਡਿਪਾਰਟਮੈਂਟ ਵਰਗੇ ਐਮਰਜੰਸੀ ਵਿਚ ਮਦਦ ਕਰਨ ਵਾਲੇ ਆਉਣ ਵਾਲੇ ਲੋਕਾਂ ਲਈ ਦਿਲ ਦੇ ਇਲਾਜ ਲਈ ਲੋੜੀਂਦੇ ਸਾਜ਼-ਸਾਮਾਨ ਦੀ ਖਰੀਦ ਵਿਚ ਮਦਦ ਕਰਨਾ; ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਦਿਲ ਦੀਆਂ ਬੀਮਾਰੀਆਂ ਦੇ ਇਲਾਜ ਦੀ ਖੋਜ ਨੂੰ ਉਤਸ਼ਾਹ ਦੇਣਾ।

ਮੁਲਾਕਾਤੀ ______________________________

**ਕਿਰਪਾ ਕਰਕੇ** ਹੇਠਾਂ ਦਿੱਤਾ ਫਾਰਮ, ਪਰਿਵਾਰ ਲਈ ਸਲਾਨਾ *10* ਡਾਲਰ ਦੀ ਫੀਸ ਸਮੇਤ ਵਾਪਸ ਕਰਕੇ ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦੇ ਮੈਂਬਰ ਬਣੋ।

ਜੇ ਤੁਸੀਂ ਐਸੋਸੀਏਸ਼ਨ ਨੂੰ ਟੈਕਸ ਵਿਚ ਭਰਨ ਯੋਗ ਦਾਨ ਦੇਣਾ ਚਾਹੋ ਤਾਂ ਇਸ ਦਾ ਸੁਆਗਤ ਹੈ ਜੋ ਕਿ ਅੱਗੇ ਲਿਖੇ ਨਾਂ ਤੇ ਦੇਣ ਯੋਗ ਹੈ:

**PACIFIC OPEN HEART ASSOCIATION**
P.O. BOX 3979 M.P.O.
VANCOUVER, B.C. V6B 3Z4

### ਮੈਂਬਰਸ਼ਿਪ ਲਈ ਮੰਗ

ਮੈਂ/ਅਸੀਂ ਪੀ ਓ ਐਚ ਏ ਵਿਚ ਸ਼ਾਮਲ ਹੋਣਾ ਚਾਹੁੰਦੇ ਹਾਂ। ਇਸ ਦੇ ਨਾਲ ਪਰਿਵਾਰ ਲਈ ਸਲਾਨਾ 10 ਡਾਲਰ ਦੀ ਮੈਂਬਰਸ਼ਿਪ ਫੀਸ ਭੇਜੀ ਜਾ ਰਹੀ ਹੈ

ਨਾਂ: ______________________________
ਐਡਰੈਸ: ______________________________
ਸ਼ਹਿਰ: ______________________________
ਪੋਸਟਲ ਕੋਡ: ______________________________
ਟੈਲੀਫੋਨ ਨੰਬਰ: ______________________________

☑ ਕਿਹੜੀ ਚੀਜ਼ ਵਿਚ ਦਿਲਚਸਪੀ ਲੈਂਦੇ ਹੋ ❑ ਗੌਲਫਿੰਗ ਵਿਚ ❑ ਮੁਲਾਕਾਤੀ ਬਣਨ ਵਿਚ
❑ ਵਲੰਟੀਅਰ ਬਣਨ ਵਿਚ